BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਦੀ COVID-19 ਦੀ ਪ੍ਰਤੀਕਿਰਿਆ ਬਾਰੇ ਤਾਜ਼ਾ ਜਾਣਕਾਰੀ: ਖਾਸ ਕਾਉਂਸਿਲ ਮੀਟਿੰਗ ਦੇ ਨਤੀਜੇ

ਬ੍ਰੈਂਪਟਨ, ਓਨਟੈਰੀਓ (25 ਮਾਰਚ, 2020) – ਅੱਜ ਆਪਣੀ ਖਾਸ ਕਾਉਂਸਿਲ ਮੀਟਿੰਗ (Special Council Meeting) ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ COVID-19 (ਸੀ.ਓ.ਵੀ.ਆਈ.ਡੀ.-19) ਦੀ ਪ੍ਰਤੀਕਿਰਿਆ ਵਿੱਚ, ਸੇਵਾਵਾਂ ਅਤੇ ਪ੍ਰੋਗਰਾਮਿੰਗ ਵਿੱਚ ਮਹੱਤਵਪੂਰਣ ਤਬਦੀਲੀਆਂ ਬਾਰੇ ਲਏ ਗਏ ਫੈਸਲਿਆਂ ਨੂੰ ਪ੍ਰਮਾਣਿਤ ਕੀਤਾ।

ਮੀਟਿੰਗ ਦੀਆਂ ਖਾਸ ਝਲਕੀਆਂ ਵਿੱਚ ਸ਼ਾਮਲ ਹਨ: ਸਿਟੀ ਆਫ ਬ੍ਰੈਂਪਟਨ ਦੁਆਰਾ ਐਮਰਜੈਂਸੀ ਦੀ ਸਥਿਤੀ ਹੋਣ (State of Emergency) ਦੀ ਘੋਸ਼ਣਾ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੇ ਮੁਫ਼ਤ ਕਿਰਾਏ, ਬ੍ਰੈਂਪਟਨ ਟ੍ਰਾਂਜ਼ਿਟ ਸੇਵਾ ਵਿੱਚ ਤਬਦੀਲੀਆਂ ਅਤੇ ਬੱਸ ਵਿੱਚ ਬੈਠਣ ਅਤੇ ਚੜ੍ਹਣ ਸਬੰਧੀ ਨਵੀਆਂ ਪੱਧਤੀਆਂ, ਨਿਵਾਸੀਆਂ ਨੂੰ ਪੰਜ ਮਹੀਨਿਆਂ ਤੱਕ ਬਿਨਾਂ ਵਿਆਜ ਜਾਂ ਲੇਟ ਫੀਸ ਦੇ ਟੈਕਸ ਸਥਗਿਤ ਕਰਨ ਵਿੱਚ ਸਮਰੱਥ ਕਰਨਾ ਅਤੇ ਪੂਰੇ ਸ਼ਹਿਰ ਵਿੱਚ ਸਮਾਜਿਕ ਦੂਰੀ ਨੂੰ ਵਧਾਉਣ ਦੇ ਮਹੱਤਵ ਤੇ ਚਰਚਾ ਕਰਨਾ।

## ਐਮਰਜੈਂਸੀ ਦੀ ਸਥਿਤੀ

24 ਮਾਰਚ ਨੂੰ, ਸਿਟੀ ਕਾਉਂਸਿਲ ਦੇ ਨਾਲ ਮਸ਼ਵਰਾ ਕਰਨ ਤੋਂ ਬਾਅਦ ਅਤੇ ਸਿਟੀ ਦੀ ਐਮਰਜੈਂਸੀ ਮੈਨੇਜਮੈਂਟ ਟੀਮ (Emergency Management Team) ਦੀ ਸਿਫਾਰਿਸ਼ ਤੇ, ਮੇਅਰ ਪੈਟਰਿਕ ਬ੍ਰਾਊਨ ਨੇ ਸਿਟੀ ਦੇ ਐਮਰਜੈਂਸੀ ਮੈਨੇਜਮੈਂਟ ਪਲਾਨ (Emergency Management Plan) ਦੇ ਮੁਤਾਬਕ, ਸਿਟੀ ਆਫ ਬ੍ਰੈਂਪਟਨ ਵਿੱਚ ਐਮਰਜੈਂਸੀ ਦੀ ਸਥਿਤੀ ਹੋਣ ਦੀ ਘੋਸ਼ਣਾ ਕੀਤੀ।

ਇਹ COVID-19 ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ, ਓਨਟੈਰੀਓ ਸੂਬੇ (Province of Ontario) ਅਤੇ ਰੀਜਨ ਆਫ ਪੀਲ (Region of Peel) ਦੇ ਯਤਨਾਂ ਦੇ ਸਮਰਥਨ ਵਿੱਚ ਇੱਕ ਮਹੱਤਵਪੂਰਣ ਕਦਮ ਹੈ।

ਐਮਰਜੈਂਸੀ ਦੀ ਘੋਸ਼ਣਾ ਕਰਨਾ, ਅਸਧਾਰਨ ਸਥਿਤੀਆਂ ਨਾਲ ਨਿਪਟਣ ਲਈ ਖਾਸ ਸਾਧਨ ਪ੍ਰਦਾਨ ਕਰਦਾ ਹੈ। ਇਸ ਨਾਲ ਸਮਾਨ ਅਤੇ ਸੇਵਾਵਾਂ ਸਮੇਤ, ਵਾਧੂ ਵਸੀਲਿਆਂ ਤੱਕ ਪਹੁੰਚ ਅਸਾਨ ਹੋ ਸਕਦੀ ਹੈ। ਇਹ ਘੋਸ਼ਣਾ, COVID-19 ਦੇ ਅਸਰਾਂ ਨੂੰ ਰੋਕਣ ਵਿੱਚ ਮਦਦ ਲਈ ਸਾਡੇ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਵਿੱਚ ਲਚਕੀਲੇਪਣ ਅਤੇ ਗਤੀ ਨੂੰ ਵਧਾ ਕੇ, ਸਿਟੀ ਦੇ ਐਮਰਜੈਂਸੀ ਪ੍ਰਤੀਕਿਰਿਆ ਸਬੰਧੀ ਜਾਰੀ ਯਤਨਾਂ ਵਿੱਚ ਮਦਦ ਕਰਦੀ ਹੈ।

## ਬ੍ਰੈਂਪਟਨ ਟ੍ਰਾਂਜ਼ਿਟ ਬਾਰੇ ਤਾਜ਼ਾ ਜਾਣਕਾਰੀ

ਸ਼ਨੀਵਾਰ, 21 ਮਾਰਚ ਤੋਂ ਲੈ ਕੇ, ਸਵਾਰੀਆਂ ਨੂੰ ਕਿਰਾਏ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ। ਅਗਲੇ ਨੋਟਿਸ ਤੱਕ, ਸਵਾਰੀਆਂ ਸਿਰਫ਼ ਪਿਛਲੇ ਦਰਵਾਜਿਆਂ ਤੋਂ ਹੀ ਬੱਸਾਂ ਵਿੱਚ ਚੜ੍ਹ ਸਕਣਗੀਆਂ। ਜਿਹੜੀਆਂ ਅਪਾਹਜਪੁਣਿਆਂ ਵਾਲੀਆਂ ਸਵਾਰੀਆਂ ਨੂੰ ਰੈਂਪ ਵਰਤਣ ਦੀ ਲੋੜ ਹੋਵੇ, ਉਹ ਪਹਿਲਾਂ ਵਾਂਗ ਅਗਲੇ ਦਰਵਾਜਿਆਂ ਤੋਂ ਚੜ੍ਹ ਸਕਦੀਆਂ ਹਨ।

ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸ਼ਨੀਵਾਰ ਵਾਲੀ ਵਧੀ ਹੋਈ ਸੇਵਾ ਹੋਵੇਗੀ। ਇਸ ਬਾਰੇ ਵੇਰਵੇ ਇੱਥੇ (here) ਦੇਖੇ ਜਾ ਸਕਦੇ ਹਨ। ਸ਼ਨੀਵਾਰ ਅਤੇ ਐਤਵਾਰ ਵਾਲੀ ਸੇਵਾ ਆਪਣੇ ਨਿਯਮਿਤ ਸਮੇਂ ਤੇ ਜਾਰੀ ਰਹੇਗੀ। ਬ੍ਰੈਂਪਟਨ ਟ੍ਰਾਂਜ਼ਿਟ ਦੇ, 185 ਕਲਾਰਕ ਬੁਲੇਵਾਰਡ (185 Clark Boulevard) ਅਤੇ 130 ਸੈਂਡਲਵੁੱਡ ਪਾਰਕਵੇ ਵੈਸਟ (130 Sandalwood Parkway West) ਵਿਖੇ ਸਥਿਤ ਐਡਮਿਨਿਸਟ੍ਰੇਟਿਵ ਆਫਿਸ, ਜਨਤਾ ਲਈ ਬੰਦ ਰਹਿਣਗੇ।

ਭਾਈਚਾਰੇ ਵਿੱਚ COVID-19 ਨੂੰ ਫੈਲਣ ਤੋਂ ਘੱਟ ਕਰਨ ਵਿੱਚ ਮਦਦ ਲਈ, 23 ਮਾਰਚ ਨੂੰ ਕਈ ਤਰ੍ਹਾਂ ਦੇ ਵਾਧੂ ਸੁਰੱਖਿਆ ਉਪਾਅ ਵੀ ਲਾਗੂ ਕੀਤੇ ਗਏ ਸਨ। ਇਹਨਾਂ ਉਪਾਵਾਂ ਬਾਰੇ ਹੋਰ ਜਾਣਕਾਰੀ ਇੱਥੇ (here) ਪ੍ਰਾਪਤ ਕੀਤੀ ਜਾ ਸਕਦੀ ਹੈ।

**ਪ੍ਰਾਪਰਟੀ ਟੈਕਸ ਸਥਗਿਤ ਕਰਨਾ**

ਸਿਟੀ ਆਫ ਬ੍ਰੈਂਪਟਨ ਨੇ COVID-19 ਦੀ ਪ੍ਰਤੀਕਿਰਿਆ ਵਿੱਚ, 18 ਮਾਰਚ ਤੋਂ 19 ਅਗਸਤ, 2020 ਤੱਕ, ਪੰਜ ਮਹੀਨਿਆਂ ਦੀ ਮਿਆਦ ਲਈ ਟੈਕਸ ਭੁਗਤਾਨਾਂ ਤੇ ਵਿਆਜ ਅਤੇ ਲੇਟ ਫੀਸ ਤੋਂ ਛੋਟ ਦਿੱਤੀ ਹੈ। ਇਸਦਾ ਮਤਲਬ ਹੈ ਕਿ ਸਿਟੀ ਆਫ ਬ੍ਰੈਂਪਟਨ, ਨਿਵਾਸੀਆਂ ਨੂੰ ਬਿਨਾਂ ਕਿਸੇ ਜੁਰਮਾਨੇ ਜਾਂ ਵਿਆਜ ਦੇ, 19 ਅਗਸਤ, 2020 ਤੱਕ ਬਕਾਇਆ ਅੰਤਰਿਮ ਟੈਕਸ ਭੁਗਤਾਨ ਕਰਨ ਦੀ ਸਮਰੱਥਾ ਦਿੰਦੀ ਹੈ।

ਸਿਟੀ ਵੱਲੋਂ ਲਗਾਤਾਰ ਟੈਕਸ ਦੇ ਭੁਗਤਾਨ ਸਵੀਕਾਰ ਕੀਤੇ ਜਾਣਗੇ ਅਤੇ ਇਹਨਾਂ ਤੇ ਪ੍ਰਕਿਰਿਆ ਕੀਤੀ ਜਾਏਗੀ। ਭੁਗਤਾਨ ਵਿੱਤੀ ਸੰਸਥਾਨਾਂ ਵਿਖੇ, ਔਨਲਾਈਨ ਬੈਂਕਿੰਗ ਦੁਆਰਾ ਕੀਤੇ ਜਾ ਸਕਦੇ ਹਨ ਜਾਂ ਭੁਗਤਾਨ ਦੇ ਚੈੱਕ ਸਿਟੀ ਹਾਲ (City Hall) ਦੀ ਲੌਬੀ ਵਿੱਚ, ਜੋ ਪਾਰਕਿੰਗ ਗਰਾਜ ਐਲੀਵੇਟਰ ਦੇ ਨਾਲ ਸਥਿਤ ਹੈ, ਡ੍ਰੌਪ ਬੌਕਸ ਵਿੱਚ ਪਾਏ ਜਾ ਸਕਦੇ ਹਨ। ਹੋਰ ਜਾਣਕਾਰੀ ਲਈ, ਸਿਟੀ ਦੇ ਟੈਕਸ ਸਬੰਧੀ ਭੁਗਤਾਨ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ (City's Tax Payment FAQs) ਪੜ੍ਹੋ।

**ਸਮਾਜਿਕ ਦੂਰੀ ਲਾਗੂ ਕਰਨਾ**

ਇਹ ਪਛਾਣਦੇ ਹੋਏ ਕਿ ਸਮਾਜਿਕ ਦੂਰੀ ਅਤੇ ਸਰੀਰਕ ਤੌਰ ਤੇ ਵੱਖਰੇ ਰਹਿਣਾ, COVID-19 ਨੂੰ ਫੈਲਣ ਤੋਂ ਰੋਕਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ, ਕਾਉਂਸਿਲ ਨੇ ਬੇਨਤੀ ਕੀਤੀ ਕਿ ਸਟਾਫ਼, COVID-19 ਐਮਰਜੈਂਸੀ ਦੇ ਦੌਰਾਨ ਸਮਾਜਿਕ ਦੂਰੀ ਅਤੇ ਸਰੀਰਕ ਵੱਖਰੇਪਣ ਜਿਹੇ ਉਪਾਵਾਂ ਨੂੰ ਲਾਗੂ ਕਰਨ ਵਿੱਚ ਸਹਿਯੋਗ ਲਈ ਰੈਗੂਲੇਸ਼ਨ ਤਿਆਰ ਕਰੇ।

ਨਵੇਂ ਰੈਗੂਲੇਸ਼ਨ ਦੀ ਪੜਚੋਲ ਕੀਤੀ ਜਾ ਰਹੀ ਹੈ, ਜਿਸ ਵਿੱਚ ਸ਼ਾਮਲ ਹੈ, ਪਰ ਇਹ ਇੱਥੋਂ ਤੱਕ ਹੀ ਸੀਮਿਤ ਨਹੀਂ ਹੈ: ਸਕੇ ਪਰਿਵਾਰਕ ਮੈਂਬਰਾਂ, ਜਿਹਨਾਂ ਨਾਲ ਵਿਅਕਤੀ ਰਹਿੰਦਾ ਹੈ, ਤੋਂ ਇਲਾਵਾ, ਦੂਜੇ ਵਿਅਕਤੀਆਂ ਵਿਚਕਾਰ 2.0 ਮੀਟਰ ਦੀ ਦੂਰੀ ਰੱਖਣਾ; ਅਤੇ ਜਨਤਕ ਪਲੇਗ੍ਰਾਊਂਡਾਂ ਦੀ ਵਰਤੋਂ ਤੇ ਸੀਮਾਵਾਂ ਅਤੇ/ਜਾਂ ਪਾਬੰਦੀਆਂ।

**ਜੁੜੇ ਰਹੋ**

ਸਿਟੀ, ਬ੍ਰੈਂਪਟਨ ਦੇ ਨਿਵਾਸੀਆਂ ਨੂੰ ਸੂਚਨਾਵਾਂ ਦਿੰਦੇ ਰਹਿਣ ਲਈ ਵਚਨਬੱਧ ਹੈ। ਇਹ COVID-19 ਵਾਸਤੇ ਸਿਟੀ ਦੀ ਪ੍ਰਤੀਕਿਰਿਆ ਬਾਰੇ ਤਾਜ਼ਾ ਜਾਣਕਾਰੀ ਦੇ ਉਪਲਬਧ ਹੁੰਦੇ ਹੀ ਨਿਵਾਸੀਆਂ ਨੂੰ ਉਹ ਜਾਣਕਾਰੀ ਦੇਣਾ ਜਾਰੀ ਰੱਖੇਗੀ। ਉਪਰੋਕਤ ਫੈਸਲਿਆਂ ਬਾਰੇ ਅਤੇ COVID-19 ਦੀ ਪ੍ਰਤੀਕਿਰਿਆ ਵਿੱਚ ਭਾਈਚਾਰੇ ਨੂੰ ਸਹਿਯੋਗ ਕਰਨ ਦੇ ਸਿਟੀ ਦੇ ਸਾਰੇ ਯਤਨਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/COVID19 ਤੇ ਜਾਓ ਜਾਂ @CityBrampton ਨੂੰ Twitter, Facebook ਅਤੇ Instagram ਤੇ ਫਾੱਲੋ ਕਰੋ।

**ਹੋਰ ਜਾਣਕਾਰੀ**

- ਸਿਟੀ ਆਫ ਬ੍ਰੈਂਪਟਨ ਸੀ.ਓ.ਵੀ.ਆਈ.ਡੀ.-19 (City of Brampton COVID-19)
- ਪੀਲ ਪਬਲਿਕ ਹੈਲਥ – ਨੋਵਲ ਕੋਰੋਨਾਵਾਇਰਸ (ਸੀ.ਓ.ਵੀ.ਆਈ.ਡੀ.-19) (Peel Public Health – Novel Coronavirus) (COVID-19)
- ਪ੍ਰੋਵਿੰਸ ਆਫ ਓਨਟੈਰੀਓ: ਮਿਨਿਸਟਰੀ ਆਫ ਹੈਲਥ – ਨੋਵਲ (ਸੀ.ਓ.ਵੀ.ਆਈ.ਡੀ.) (Province of Ontario: Ministry of Health – Novel Coronavirus) (COVID-19)

- [ਸਿਟੀ ਆਫ ਬ੍ਰੈਂਪਟਨ ਨੇ ਸੀ.ਓ.ਵੀ.ਆਈ.ਡੀ.-19 ਦੀ ਪ੍ਰਤੀਕਿਰਿਆ ਵਿੱਚ ਐਮਰਜੈਂਸੀ ਦੀ ਸਥਿਤੀ ਹੋਣ ਦੀ ਘੋਸ਼ਣਾ ਕੀਤੀ (City of Brampton declares State of Emergency in response to COVID-19)]
- [ਬ੍ਰੈਂਪਟਨ ਨੇ ਨਿਵਾਸੀਆਂ ਨੂੰ ਪੰਜ ਮਹੀਨਿਆਂ ਲਈ ਟੈਕਸਾਂ ਨੂੰ ਸਥਗਿਤ ਕਰਨ ਵਿੱਚ ਸਮਰੱਥ ਕੀਤਾ ਅਤੇ ਸਾਰੇ ਜੁਰਮਾਨਿਆਂ ਤੋਂ ਛੋਟ ਦਿੱਤੀ (Brampton gives residents ability to defer taxes and waives all penalties for five months)]
- [ਬ੍ਰੈਂਪਟਨ ਟ੍ਰਾਂਜ਼ਿਟ 21 ਮਾਰਚ ਅਤੇ 23 ਮਾਰਚ ਤੋਂ ਲੈ ਕੇ, ਮੁਫ਼ਤ ਕਿਰਾਏ, ਪਿਛਲੇ ਦਰਵਾਜੇ ਤੋਂ ਚੜ੍ਹਨ ਅਤੇ ਅੱਧੀਆਂ ਸੀਟਾਂ ਵਾਲੀਆਂ ਬੱਸਾਂ ਪੇਸ਼ ਕਰਨ ਜਿਹੀਆਂ ਤਬਦੀਲੀਆਂ ਕਰੇਗੀ (Brampton Transit to introduce free fares, rear boarding, half capacity buses, and more, effective March 21 and March 23)]

**ਹਵਾਲੇ**

"ਜਿਵੇਂ-ਜਿਵੇਂ ਅਸੀਂ ਆਉਣ ਵਾਲਿਆਂ ਮਹੀਨਿਆਂ ਵੱਲ ਵਧ ਰਹੇ ਹਾਂ, ਸਿਟੀ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਅਤੇ COVID-19 ਨੂੰ ਫੈਲਣ ਤੋਂ ਰੋਕਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਮੈਂ ਇੱਕ ਵਾਰ ਫਿਰ, ਕਾਉਂਸਿਲ, ਸਿਟੀ ਦੇ ਸਟਾਫ਼ ਅਤੇ ਸਾਡੇ ਭਾਈਚਾਰੇ ਦੇ ਲਗਾਤਾਰ ਸਹਿਯੋਗ ਲਈ ਉਹਨਾਂ ਦਾ ਧੰਨਵਾਦ ਕਰਦਾਂ ਹਾਂ ਕਿਉਂਕਿ ਅਸੀਂ ਇਸਦੇ ਪ੍ਰਤੀ ਨਾਲ ਮਿਲ ਕੇ ਕੰਮ ਕਰ ਰਹੇ ਹਾਂ।"

*ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਅੱਜ ਦੀ ਖਾਸ ਕਾਉਂਸਿਲ ਮੀਟਿੰਗ ਨਾਲ ਸਿਟੀ ਕਾਉਂਸਿਲ ਨੂੰ COVID-19 ਦੀ ਪ੍ਰਤੀਕਿਰਿਆ ਵਿੱਚ ਸੇਵਾ ਤਬਦੀਲੀਆਂ ਦੇ ਸਬੰਧ ਵਿੱਚ ਹਾਲੀਆ ਫੈਸਲਿਆਂ ਨੂੰ ਮਨਜ਼ੂਰੀ ਦੇਣ ਦਾ ਮੌਕਾ ਮਿਲਿਆ ਸੀ। ਕਾਉਂਸਿਲ ਵੱਲੋਂ ਇਹਨਾਂ ਫੈਸਲਿਆਂ ਨੂੰ ਪ੍ਰਮਾਣਿਤ ਕਰਨ ਨਾਲ ਸਾਡੀ ਟੀਮ, ਬ੍ਰੈਂਪਟਨ ਵਿੱਚ COVID-19 ਦੇ ਅਸਰਾਂ ਨੂੰ ਘੱਟ ਕਰਨ ਵਿੱਚ ਮਦਦ ਲਈ ਸਾਡੀ ਪ੍ਰਤੀਕਿਰਿਆ ਵਿੱਚ ਲਗਾਤਾਰ ਫੁਰਤੀ ਨਾਲ ਕੰਮ ਕਰ ਸਕੇਗੀ।"

*ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca